ਮੇਰੀ ਨਿਜੀ ਡਾਇਰੀ ਦੇ ਪੰਨੇ

- ਜੋਗਿੰਦਰ ਸਿੰਘ

ਲੰਡਨ ਵਿਚਲਾ 'ਇੰਡੀਆ ਹੋਟਲ' ਜਿਥੇ ਕਦੀ ਸ਼ਹੀਦ ਊਧਮ ਸਿੰਘ ਠਹਿਰਿਆ ਸੀ...

ਬਲੂ-ਸਟਾਰ ਆਪ੍ਰੇਸ਼ਨ ਦੇ ਰੋਸ ਵਜੋਂ ਇਸ ਦਾ ਨਾਂ 'ਪੰਜਾਬ ਹੋਟਲ' ਕਰ ਦਿਤਾ ਗਿਆ ਜੋ ਕਈ ਸਾਲ ਇਸ ਨਾਂ ਹੇਠ ਚਲਦਾ ਰਿਹਾ। ਫਿਰ ਭਾਰਤੀ ਦੂਤਘਰ ਵਾਲਿਆਂ ਨੇ ਜ਼ੋਰ ਪਾ ਕੇ, ਇਸ ਦਾ ਪੁਰਾਤਨ ਸਮੇਂ ਤੋਂ ਚਲਿਆ ਆ ਰਿਹਾ ਨਾਂ ਦੁਬਾਰਾ ਚਾਲੂ ਕਰਵਾ ਲਿਆ

ਸ਼ਹੀਦ ਕਿਸੇ ਕੌਮ ਦੀ ਜਾਨ ਹੁੰਦੇ ਹਨ ਪਰ ਇਸ ਨੂੰ ਵਕਤ ਦੀ ਸਿਤਮ ਜ਼ਰੀਫ਼ੀ ਹੀ ਕਹਿ ਸਕਦੇ ਹਾਂ ਕਿ ਅੱਜ 'ਵੱਡਾ' ਸ਼ਹੀਦ ਵੀ ਉਹੀ ਮੰਨਿਆ ਜਾਂਦਾ ਹੈ ਜਿਸ ਨੂੰ ਕਿਸੇ ਸਿਆਸੀ ਪਾਰਟੀ ਦੀ ਹਮਾਇਤ ਪ੍ਰਾਪਤ ਹੋਵੇ। ਭਗਤ ਸਿੰਘ ਨੇ ਵੀ ਅਪਣੀ ਜਾਨ ਨਿਛਾਵਰ ਕੀਤੀ ਤੇ ਦੇਸ਼ ਦੀ ਖ਼ਾਤਰ ਕੁਰਬਾਨ ਹੋ ਗਿਆ ਤੇ ਸ਼ਹੀਦ ਊਧਮ ਸਿੰਘ ਨੇ ਵੀ। ਭਗਤ ਸਿੰਘ ਨੂੰ ਕਮਿਊਨਿਸਟਾਂ ਨੇ, ਗਾਂਧੀ ਨੂੰ ਜ਼ਿਚ ਕਰਨ ਲਈ ਅਪਣਾਅ ਲਿਆ, ਇਸ ਲਈ ਉਸ ਦਾ ਨਾਂ ਜ਼ਿਆਦਾ ਗੂੰਜਦਾ ਹੈ ਤੇ ਊਧਮ ਸਿੰਘ ਦਾ ਘੱਟ। ਮੇਰਾ ਇਕ ਜਮਾਤੀ, ਬਾਅਦ ਵਿਚ ਵੱਡਾ ਕਮਿਊਨਿਸਟ ਵਿਦਵਾਨ ਬਣ ਗਿਆ। ਇਕੱਲਿਆਂ ਬੈਠ ਕੇ, ਅਕਸਰ ਮੇਰੇ ਨਾਲ ਦਿਲ ਦੀਆਂ ਗੱਲਾਂ ਕਰ ਲਿਆ ਕਰਦਾ ਸੀ। ਇਕ ਦਿਨ ਮੈਨੂੰ ਕਹਿਣ ਲੱਗਾ, "ਭਗਤ ਸਿੰਘ ਨੇ ਉਹ ਸਾਰੀਆਂ ਲਿਖਤਾਂ ਨਹੀਂ ਸਨ ਲਿਖੀਆਂ ਜਿਹੜੀਆਂ ਉਸ ਦੇ ਨਾਂ ਨਾਲ ਜੋੜ ਕੇ ਅਸੀ ਉਸ ਨੂੰ ਸ਼ਹੀਦ ਦੇ ਨਾਲ ਨਾਲ ਇਕ ਦਾਰਸ਼ਨਿਕ ਦਾ ਵੀ ਦਰਜਾ ਦੇ ਦਿਤਾ ਹੈ। ਪਰ ਇਹ ਸਾਡੀ ਮਜਬੂਰੀ ਸੀ। ਗਾਂਧੀ ਨੂੰ ਅੰਗਰੇਜ਼ ਤੇ ਕਾਂਗਰਸ ਪਾਰਟੀ ਵਾਲੇ, ਅੰਦਰੋਂ ਮਿਲ ਕੇ, ਬਹੁਤ ਵੱਡਾ ਬਣਾ ਕੇ ਪੇਸ਼ ਕਰ ਰਹੇ ਸਨ। ਅਸੀ (ਕਮਿਊਨਿਸਟਾਂ) ਫ਼ੈਸਲਾ ਕੀਤਾ ਕਿ ਉਸ ਦੇ ਮੁਕਾਬਲੇ ਤੇ ਕਿਸੇ 'ਸ਼ਹੀਦ' ਨੂੰ ਚੁਕੀਏ। ਭਗਤ ਸਿੰਘ ਦੀ ਕਿਸਮਤ ਚੰਗੀ ਸੀ। ਉਸ ਦਾ ਚਿਹਰਾ ਸਾਡੇ ਸਾਹਮਣੇ ਆ ਗਿਆ। ਅਸੀ ਉਸ ਨੂੰ ਦਾਰਸ਼ਨਿਕ, ਕਾਮਰੇਡ, ਨਾਸਤਕ, ਵਿਦਵਾਨ, ਲਿਖਾਰੀ ਸਮੇਤ ਬਹੁਤ ਕੁੱਝ ਬਣਾ ਦਿਤਾ। ਸਾਨੂੰ ਸਫ਼ਲਤਾ ਵੀ ਮਿਲੀ ਪਰ ਅੰਗਰੇਜ਼ ਸਾਡੇ ਨਾਲੋਂ ਜ਼ਿਆਦਾ ਚਾਤਰ ਸੀ। ਸਾਡਾ 'ਸ਼ਹੀਦ' ਉਨ੍ਹਾਂ ਦੇ 'ਮਹਾਤਮਾ' ਦੇ ਹੱਥੋਂ ਮਾਤ ਖਾ ਗਿਆ...।"

ਮੈਂ ਉਸ ਨੂੰ ਪੁਛਿਆ, "ਇਹ ਗੱਲ ਖੁਲ੍ਹ ਕੇ, ਲੋਕਾਂ ਸਾਹਮਣੇ ਕਹਿਣ ਨੂੰ ਤਿਆਰ ਹੋ ਸਕੇਂਗਾ?"

ਕਹਿਣ ਲੱਗਾ, "ਮੈਂ ਜੁੱਤੀਆਂ ਨਹੀਂ ਖਾਣੀਆਂ ਪਰ ਸੱਚ ਉਹੀ ਹੈ ਜੋ ਮੈਂ ਤੈਨੂੰ ਦਸਿਆ ਹੈ।"

ਇਨ੍ਹਾਂ ਉਪਰੋਕਤ ਯਾਦਾਂ ਵਿਚ ਹੀ ਮੈਂ ਉਸ ਸਮੇਂ ਗਵਾਚਾ ਹੋਇਆ ਸੀ ਜਦ ਲੰਡਨ ਵਿਚ ਮੇਰੇ ਮੇਜ਼ਬਾਨ ਨੇ ਮੈਨੂੰ ਸੂਚਨਾ ਦਿਤੀ, "ਅੱਜ ਸ਼ਾਮ ਦਾ ਖਾਣਾ ਤੁਹਾਨੂੰ ਉਸ ਹੋਟਲ ਵਿਚ ਖਵਾਣਾ ਨਿਸ਼ਚਿਤ ਹੋਇਆ ਹੈ ਜਿਥੇ ਕਦੇ ਸ਼ਹੀਦ ਊਧਮ ਸਿੰਘ ਠਹਿਰਿਆ ਸੀ।"

ਸੱਚੀਂ? ਉਪ੍ਰੋਕਤ ਸੂਚਨਾ ਸੁਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ। ਪੰਜਾਬ ਨੇ ਸ਼ਹੀਦ ਬਹੁਤ ਜ਼ਿਆਦਾ ਪੈਦਾ ਕੀਤੇ ਹਨ ਪਰ ਕੁੱਝ ਸ਼ਹੀਦ ਅਜਿਹੇ ਵੀ ਹਨ ਜਿਨ੍ਹਾਂ ਦੀ ਸ਼ਹਾਦਤ ਨਿਰੀ ਪੂਰੀ ਸ਼ਹਾਦਤ ਹੀ ਨਹੀਂ ਸੀ ਸਗੋਂ ਜੋ ਪੰਜਾਬ ਦੇ ਲੋਕਾਂ ਦੇ ਖ਼ੂਨ ਅਤੇ ਉਨ੍ਹਾਂ ਦੀ ਧਰਤੀ ਦੇ ਪਾਣੀ ਦੀ ਤਾਸੀਰ ਬਿਆਨ ਕਰਨ ਵਾਲੀ ਦਾਸਤਾਨ ਵੀ ਸੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਸੁਨੇਹਾ ਦੇਂਦੀ ਹੈ ਕਿ ਵੱਡੇ ਤੋਂ ਵੱਡਾ ਲਾਲਚ ਵੀ ਸਾਨੂੰ ਸਾਡੇ ਈਮਾਨ ਤੋਂ ਨਹੀਂ ਡੁਲਾ ਸਕਦਾ। ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਇਕ ਸੁਨੇਹਾ ਦੇਂਦੀ ਹੈ ਕਿ ਅਸੀ ਕੇਵਲ ਅਪਣੇ ਅਕੀਦੇ ਲਈ ਹੀ ਨਹੀਂ ਸਗੋਂ ਦੂਜਿਆਂ ਦੇ ਉਨ੍ਹਾਂ ਅਕੀਦਿਆਂ ਲਈ ਵੀ ਜਾਨ ਵਾਰਨਾ ਜਾਣਦੇ ਹਾਂ ਜਿਨ੍ਹਾਂ ਨੂੰ ਅਸੀ ਆਪ ਵੀ ਨਹੀਂ ਮੰਨਦੇ ਹੁੰਦੇ ਕਿਉਂਕਿ ਸਾਡਾ ਵਿਸ਼ਵਾਸ 'ਮਾਨਸ ਕੀ ਜਾਤ' ਦੇ ਇਕ ਹੋਣ ਵਿਚ ਹੈ, ਧਰਮ ਦੇ ਨਾਂ ਤੇ ਪੁਜਾਰੀ ਸ਼੍ਰੇਣੀ ਵਲੋਂ ਖੜੀਆਂ ਕੀਤੀਆਂ ਸੌੜੀਆਂ ਵਲਗਣਾਂ ਵਿਚ ਨਹੀਂ।

ਆਜ਼ਾਦੀ ਦੀ ਲੜਾਈ ਦੌਰਾਨ ਕੂਕੇ ਸ਼ਹੀਦਾਂ, ਬੱਬਰ ਅਕਾਲੀਆਂ, ਗ਼ਦਰੀ ਬਾਬਿਆਂ ਤੇ ਹੋਰਨਾਂ 'ਚ ਕਈ ਸ਼ਹੀਦ ਅਜਿਹੇ ਵੀ ਹੋਏ ਹਨ ਜੋ ਉਪ੍ਰੋਕਤ ਅਨੁਸਾਰ ਹੀ ਕੋਈ ਨਾ ਕੋਈ ਵੱਡਾ ਸੁਨੇਹਾ ਦੇਂਦੇ ਹਨ ਪਰ ਭਗਤ ਸਿੰਘ ਦੀ ਕੁਰਬਾਨੀ ਨਾਲੋਂ ਜੇ ਕਮਿਊਨਿਸਟ ਪਾਰਟੀ ਦਾ ਪ੍ਰਾਪੇਗੰਡਾ ਲਾਹ ਦਿਤਾ ਜਾਵੇ ਤੇ ਗਾਂਧੀ ਨੂੰ ਡੇਗਣ ਲਈ ਉਸ ਨੂੰ ਉੱਚਾ ਚੁੱਕਣ ਦੀ ਗੱਲ ਭੁਲਾ ਦਿਤੀ ਜਾਵੇ ਤਾਂ ਉਸ ਦੀ ਸ਼ਹੀਦੀ ਵਿਚੋਂ 'ਮਾਅਰਕੇ' ਵਾਲੇ ਤੱਤ ਬਿਲਕੁਲ ਹੀ ਗ਼ਾਇਬ ਮਿਲਦੇ ਹਨ। ਮਿਸਾਲ ਦੇ ਤੌਰ 'ਤੇ, ਅਖ਼ੀਰ ਤੇ ਜਦੋਂ ਭਾਈ ਰਣਧੀਰ ਸਿੰਘ ਉਸ ਨੂੰ ਜੇਲ ਵਿਚ ਹੀ ਪੁਛਦੇ ਹਨ ਕਿ ਉਸ ਨੇ ਸਿੱਖ ਹੋ ਕੇ ਕੇਸ ਕਿਉਂ ਕੱਟੇ ਤਾਂ ਉਸ ਦਾ ਜਵਾਬ, ਉਸ ਪ੍ਰਤੀ ਸਾਰਾ ਵਿਸ਼ਵਾਸ ਮਨ ਵਿਚੋਂ ਹਿਲਾ ਕੇ ਰੱਖ ਦੇਂਦਾ ਹੈ। ਭਾਈ ਰਣਧੀਰ ਸਿੰਘ ਦੀਆਂ ਜੇਲ ਚਿੱਠੀਆਂ ਪੜ੍ਹ ਕੇ ਵੇਖ ਲਉ, ਉਹ ਕਹਿੰਦਾ ਹੈ ਕਿ ਜੇ ਉਹ ਕੇਸ ਨਾ ਕਟਾਂਦਾ ਤਾਂ ਅਖ਼ਬਾਰਾਂ ਵਿਚ ਕਿਸੇ ਨੇ ਉਸ ਦਾ ਜ਼ਿਕਰ ਵੀ ਨਹੀਂ ਸੀ ਕਰਨਾ। ਇਕ 'ਸ਼ਹੀਦ' ਦੀ ਸ਼ਹੀਦੀ ਦਾ ਸਾਨੂੰ ਸਤਿਕਾਰ ਹੈ ਪਰ ਉਸ ਦੇ ਇਹ ਅੰਤਮ ਸ਼ਬਦ, ਅਖ਼ਬਾਰਾਂ ਵਿਚ ਮਸ਼ਹੂਰੀ ਹਾਸਲ ਕਰਨ ਖ਼ਾਤਰ, ਧਰਮ ਦਾ ਤਿਆਗ ਕਰਨ ਲਈ ਤਿਆਰ ਹੋਣ ਦਾ ਸੁਨੇਹਾ ਦੇ ਕੇ, ਪੰਜਾਬ ਦੀ ਮਿੱਟੀ ਅਤੇ ਪੰਜਾਬ ਦੇ ਨੌਜੁਆਨਾਂ ਦੇ ਲਹੂ ਬਾਰੇ ਬੜਾ ਹੀ ਗ਼ਲਤ ਪ੍ਰਭਾਵ ਦੇਂਦੇ ਹਨ। ਸ਼ਹੀਦ ਊਧਮ ਸਿੰਘ ਬਾਰੇ ਅਜਿਹੀ ਕੋਈ ਗੱਲ ਨਹੀਂ ਹੈ, ਇਸ ਲਈ ਵਾਪਸ ਉਧਰ ਹੀ ਚਲਦੇ ਹਾਂ।

ਸ਼ਹੀਦ ਊਧਮ ਸਿੰਘ ਜਿਸ ਹੋਟਲ ਵਿਚ ਠਹਿਰਿਆ ਸੀ, ਉਹ ਪੁਰਾਣੇ ਲੰਡਨ ਦੇ ਉਸ ਪੁਰਾਤਨ ਇਲਾਕੇ ਵਿਚ ਸਥਿਤ ਹੈ ਜਿਥੇ ਤਕ ਪਹੁੰਚਣ ਲਈ ਕਾਰ ਤੁਹਾਡੀ ਮਦਦ ਨਹੀਂ ਕਰ ਸਕਦੀ। ਮੇਰੇ ਮੇਜ਼ਬਾਨਾਂ ਨੇ ਅਪਣੀ ਕਾਰ ਕਈ ਮੀਲ ਉਰ੍ਹਾਂ ਇਕ ਥਾਂ ਖੜੀ ਕਰ ਦਿਤੀ ਤੇ ਅਸੀ ਟਿਊਬ ਰੇਲਵੇ ਵਿਚ ਬੈਠ ਕੇ ਉਥੇ ਪਹੁੰਚੇ। ਮੈਂ ਕਾਰਨ ਪੁਛਿਆ ਤਾਂ ਉਹ ਕਹਿਣ ਲੱਗੇ ਕਿ ਏਨੇ ਭੀੜ ਭੜੱਕੇ ਵਿਚ ਕਾਰ ਰਾਹੀਂ ਪਹੁੰਚਣਾ ਹੀ ਬਹੁਤ ਔਖਾ ਹੈ ਤੇ ਜੇ ਪਹੁੰਚ ਵੀ ਜਾਉ ਤਾਂ ਕਾਰ ਖੜੀ ਕਰਨ ਲਈ ਥਾਂ ਲਭਣੀ ਹੋਰ ਵੀ ਔਖੀ ਹੁੰਦੀ ਹੈ।

ਸਟੇਸ਼ਨ ਤੇ ਉਤਰ ਕੇ ਅਸੀ ਕਾਫ਼ੀ ਦੇਰ ਪੈਦਲ ਚਲਦੇ ਚਲਦੇ ਹੋਟਲ ਵਿਚ ਪਹੁੰਚੇ। ਹੋਟਲ ਬਹੁਤ ਛੋਟਾ ਜਿਹਾ ਤੇ ਪੁਰਾਣਾ ਜਿਹਾ ਹੈ- ਜਿਵੇਂ ਕਿ ਸੌ ਡੇਢ ਸੌ ਸਾਲ ਪਹਿਲਾਂ ਕੋਈ ਹੋਟਲ ਹੁੰਦਾ ਸੀ। ਸਾਡੇ ਕਾਰ ਸੇਵਾ ਵਾਲੇ ਬਾਬਿਆਂ ਦਾ ਵੱਸ ਚਲਦਾ ਤਾਂ ਉਹਨੂੰ ਢਾਹ ਕੇ ਹੁਣ ਤਕ ਕਦੋਂ ਦਾ ਸੰਗਮਰਮਰ ਥੱਪ ਚੁੱਕੇ ਹੁੰਦੇ। ਖ਼ੈਰ, ਅਸੀ ਭੀੜੇ ਜਹੇ, ਛੋਟੇ ਛੋਟੇ ਕਮਰਿਆਂ ਵਲ ਇਕ ਨਜ਼ਰ ਮਾਰੀ ਤੇ ਫਿਰ ਖਾਣੇ ਦੇ ਮੇਜ਼ ਦੁਆਲੇ ਬੈਠ ਗਏ। ਮੇਰੇ ਮੇਜ਼ਬਾਨ ਨੇ ਖਾਣੇ ਦਾ ਆਰਡਰ ਦਿਤਾ। ਖਾਣਾ ਆ ਗਿਆ। ਸਾਦਾ ਜਿਹਾ ਭਾਰਤੀ ਖਾਣਾ। ਅਸੀ ਸ਼ੁਰੂ ਹੀ ਕੀਤਾ ਸੀ ਕਿ ਹੋਟਲ ਦੇ ਮਾਲਕ ਸਰਦਾਰ ਸਾਹਿਬ ਆ ਗਏ ਤੇ ਕੁਰਸੀ ਖਿੱਚ ਕੇ ਸਾਡੇ ਕੋਲ ਬੈਠ ਗਏ। ਉਹ ਮੇਰੇ ਮੇਜ਼ਬਾਨ ਦੇ ਵਾਕਫ਼ ਸਨ। ਜਦੋਂ ਉਨ੍ਹਾਂ ਨੂੰ ਦਸਿਆ ਗਿਆ ਕਿ ਮੈਂ 'ਸਪੋਕਸਮੈਨ' ਦਾ ਐਡੀਟਰ ਹਾਂ ਤਾਂ ਉਨ੍ਹਾਂ ਮੈਨੇਜਰ ਨੂੰ ਕਹਿ ਦਿਤਾ, "ਇਨ੍ਹਾਂ ਕੋਲੋਂ ਪੈਸੇ ਨਹੀਂ ਲੈਣੇ। ਇਹ ਸਾਡੇ ਮਹਿਮਾਨ ਹਨ।"

ਉਨ੍ਹਾਂ ਦਸਿਆ ਕਿ 1984 ਤਕ ਇਸ ਹੋਟਲ ਦਾ ਨਾਂ 'ਇੰਡੀਆ ਹੋਟਲ' ਚਲਿਆ ਆ ਰਿਹਾ ਸੀ ਪਰ ਜਦੋਂ 84 ਵਿਚ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਉਨ੍ਹਾਂ ਗੁੱਸੇ ਵਿਚ ਆ ਕੇ ਇਸ ਦਾ ਨਾਂ 'ਪੰਜਾਬ ਹੋਟਲ' ਰੱਖ ਦਿਤਾ। ਕਾਫ਼ੀ ਦੇਰ ਇਹੀ ਨਾਂ ਚਲਦਾ ਰਿਹਾ। ਫਿਰ ਇੰਡੀਅਨ ਐਮਬੈਸੀ ਨੇ ਉਨ੍ਹਾਂ ਨੂੰ ਕਿਹਾ ਕਿ ਦੂਤਘਰ ਵਿਚ ਆਉਣ ਵਾਲੇ ਹਰ ਪ੍ਰਾਹੁਣੇ ਨੂੰ ਉਹ ਇਸ ਹੋਟਲ ਬਾਰੇ ਦੱਸ ਕੇ ਇਥੇ ਭੇਜਦੇ ਹਨ ਤੇ ਹੋਟਲ ਦਾ ਪੁਰਾਤਨ ਸਮੇਂ ਤੋਂ ਚਲਿਆ ਆ ਰਿਹਾ ਨਾਂ 'ਇੰਡੀਆ ਹੋਟਲ' ਹੀ ਦਸਦੇ ਹਨ। ਐਮਬੈਸੀ ਦੇ ਕਾਗ਼ਜ਼ਾਂ ਵਿਚ ਵੀ ਇਹੀ ਨਾਂ ਦਿਤਾ ਗਿਆ ਹੋਇਆ ਹੈ। ਭਾਰਤੀ ਦੂਤਘਰ ਵਲੋਂ ਇਨ੍ਹਾਂ ਤੇ ਬਹੁਤ ਜ਼ੋਰ ਪਾਇਆ ਗਿਆ ਜਿਸ ਕਰ ਕੇ ਹੁਣ ਫਿਰ ਹੋਟਲ ਦਾ ਨਾਂ 'ਇੰਡੀਆ ਹੋਟਲ' ਹੀ ਕਰ ਦਿਤਾ ਗਿਆ ਸੀ।

ਮੈਂ ਮਾਲਕ ਦਾ ਨਾਂ ਤਾਂ ਯਾਦ ਨਹੀਂ ਰੱਖ ਸਕਿਆ ਪਰ ਉਹ ਉੱਚੇ ਲੰਮੇ, ਬੜੇ ਖ਼ੂਬਸੂਰਤ ਨੌਜੁਆਨ ਸਨ। ਮੈਂ ਉਨ੍ਹਾਂ ਨੂੰ ਪੁਛਿਆ, "ਏਨੇ ਸਾਲਾਂ ਤੋਂ ਇਥੇ ਰਹਿ ਕੇ ਵੀ ਪੱਕੇ ਸਿੱਖ ਲਗਦੇ ਹੋ। ਤੁਹਾਡੇ ਘਰ ਦਿਆਂ ਦਾ ਪ੍ਰਭਾਵ ਤੁਹਾਡੇ ਤੇ ਹੋਵੇਗਾ?"

ਕਹਿਣ ਲੱਗੇ, "ਕਿਥੇ ਜੀ, ਅਸੀ ਤਾਂ ਫ਼ਰੀਦਕੋਟ ਦੇ ਵਿਗੜੇ ਹੋਏ ਬਰਾੜਾਂ ਦੇ ਮੁੰਡੇ ਸੀ। ਕਦੇ ਜਾਣਨ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ ਕਿ ਸਿੱਖ ਦਾ ਮਤਲਬ ਕੀ ਹੁੰਦਾ ਹੈ। ਨਾ ਅਸੀ ਕੇਸ ਰੱਖੇ ਹੋਏ ਸਨ, ਨਾ ਦਾਹੜੀ। ਇਹ ਤਾਂ ਬਲੂ-ਸਟਾਰ ਆਪ੍ਰੇਸ਼ਨ ਦੀ ਮਿਹਰਬਾਨੀ ਸਮਝੋ ਕਿ ਇਥੋਂ ਦੇ ਅੰਗਰੇਜ਼ਾਂ ਨੇ ਸਾਨੂੰ ਪੁਛਣਾ ਸ਼ੁਰੂ ਕਰ ਦਿਤਾ ਕਿ 'ਸਿੱਖ' ਦਾ ਮਤਲਬ ਕੀ ਹੁੰਦਾ ਹੈ। ਉਨ੍ਹਾਂ ਨੇ ਅਖ਼ਬਾਰਾਂ ਵਿਚ ਖ਼ਬਰਾਂ ਪੜ੍ਹੀਆ ਸਨ, ਇਸ ਲਈ ਜਾਣਨਾ ਚਾਹੁੰਦੇ ਸਨ ਕਿ ਸਿੱਖ ਹਨ ਕੌਣ। ਸਾਨੂੰ ਵੀ ਕੁੱਝ ਨਹੀਂ ਸੀ ਪਤਾ। ਮੈਂ ਦੌੜ ਕੇ ਕਿਤਾਬਾਂ ਦੀ ਦੁਕਾਨ ਤੇ ਗਿਆ। ਖ਼ੁਸ਼ਵੰਤ ਸਿੰਘ ਦੀ 'ਸਿੱਖ ਹਿਸਟਰੀ' ਖ਼ਰੀਦ ਲਿਆਂਦੀ। ਰਾਤ ਨੂੰ ਜਾਗ ਕੇ ਪੜ੍ਹੀ। ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਅਸੀ ਕਿੰਨੇ ਵੱਡੇ ਤੇ ਮਹਾਨ ਧਰਮ ਦੇ ਵਾਰਸ ਸਾਂ ਪਰ ਸਾਨੂੰ ਇਸ ਬਾਰੇ ਪਤਾ ਹੀ ਕੁੱਝ ਨਹੀਂ ਸੀ। ਉਸ ਦਿਨ ਤੋਂ ਮੈਂ ਪੂਰੀ ਤਰ੍ਹਾਂ ਬਦਲ ਗਿਆ। ਮੈਂ ਕੇਸ ਦਾੜ੍ਹੀ ਹੀ ਨਾ ਰੱਖ ਲਏ ਸਗੋਂ ਹੁਣ 100 ਕੁ ਸਿੱਖ ਨੌਜੁਆਨਾਂ ਨੂੰ ਸਵੇਰੇ ਦੋ ਘੰਟੇ ਇਕੱਠਿਆਂ ਕਰ ਕੇ, ਸਿੱਖ ਧਰਮ ਬਾਰੇ ਜਾਣਕਾਰੀ ਦੇਂਦਾ ਹਾਂ। ਇਹ ਮੇਰਾ ਰੋਜ਼ ਦਾ ਕੰਮ ਹੁੰਦਾ ਹੈ।"

ਮੈਂ ਉਨ੍ਹਾਂ ਦਾ ਰੋਜ਼ ਦਾ ਕੈਂਪ ਵੇਖਣਾ ਚਾਹੁੰਦਾ ਸੀ ਪਰ ਅਗਲੇ ਦਿਨ ਮੈਂ ਦੇਸ਼ ਵਾਪਸ ਆ ਜਾਣਾ ਸੀ। ਕਦੇ ਮੌਕਾ ਮਿਲੇ ਤਾਂ ਤੁਸੀ ਜ਼ਰੂਰ ਉਨ੍ਹਾਂ ਨੂੰ ਮਿਲਿਉ। ਉਨ੍ਹਾਂ ਨਾਲ ਗੱਲ ਕਰ ਕੇ ਵੀ ਸਵਾਦ ਆ ਜਾਏਗਾ ਤੇ ਸ਼ਹੀਦ ਊਧਮ ਸਿੰਘ ਦੀ ਯਾਦ ਕਰਦੇ ਹੋਏ ਤੁਹਾਨੂੰ ਉਸ ਦੀ ਸ਼ਹੀਦੀ 'ਚੋਂ ਇਹ ਸੰਦੇਸ਼ ਵੀ ਮਿਲੇਗਾ ਕਿ ਜ਼ਾਲਮ ਨੂੰ ਜ਼ੁਲਮ ਕਰਦਾ ਵੇਖ ਕੇ ਜੇ ਪੰਜਾਬ ਦਾ ਨੌਜਵਾਨ ਜ਼ਾਲਮ ਤੋਂ ਬਦਲਾ ਲੈਣ ਦੀ ਸਹੁੰ ਚੁੱਕ ਲੈਂਦਾ ਹੈ ਤਾਂ ਸਮਾਂ ਭਾਵੇਂ ਕਿੰਨਾ ਵੀ ਲੱਗ ਜਾਏ, ਸਹੁੰ ਪੂਰੀ ਕਰ ਕੇ ਰਹਿੰਦਾ ਹੈ ਤੇ ਉਹ ਸਰੀਰ ਨੂੰ ਸਹੁੰ ਪੁਗਾਉਣ ਦੇ ਇਕ ਸਾਧਨ ਤੋਂ ਵੱਧ ਕੁੱਝ ਨਹੀਂ ਸਮਝਦਾ, ਨਾ ਹੀ ਜ਼ਾਲਮ ਦੀ ਤਾਕਤ ਉਸ ਅੰਦਰ ਕੋਈ ਭੈਅ ਹੀ ਪੈਦਾ ਕਰਦੀ ਹੈ।

(24 ਸਤੰਬਰ, 2006 ਦੇ ਪਰਚੇ ਵਿਚੋਂ)

ਸ਼ਹੀਦ ਊਧਮ ਸਿੰਘ ਜਿਸ ਹੋਟਲ ਵਿਚ ਠਹਿਰਿਆ ਸੀ, ਉਹ ਪੁਰਾਣੇ ਲੰਡਨ ਦੇ ਉਸ ਪੁਰਾਤਨ ਇਲਾਕੇ ਵਿਚ ਸਥਿਤ ਹੈ ਜਿਥੇ ਤਕ ਪਹੁੰਚਣ ਲਈ ਕਾਰ ਤੁਹਾਡੀ ਮਦਦ ਨਹੀਂ ਕਰ ਸਕਦੀ। ਮੇਰੇ ਮੇਜ਼ਬਾਨਾਂ ਨੇ ਅਪਣੀ ਕਾਰ ਕਈ ਮੀਲ ਉਰ੍ਹਾਂ ਇਕ ਥਾਂ ਖੜੀ ਕਰ ਦਿਤੀ ਤੇ ਅਸੀ ਟਿਊਬ ਰੇਲਵੇ ਵਿਚ ਬੈਠ ਕੇ ਉਥੇ ਪਹੁੰਚੇ। ਮੈਂ ਕਾਰਨ ਪੁਛਿਆ ਤਾਂ ਉਹ ਕਹਿਣ ਲੱਗੇ ਕਿ ਏਨੇ ਭੀੜ ਭੜੱਕੇ ਵਿਚ ਕਾਰ ਰਾਹੀਂ ਪਹੁੰਚਣਾ ਹੀ ਬਹੁਤ ਔਖਾ ਹੈ ਤੇ ਜੇ ਪਹੁੰਚ ਵੀ ਜਾਉ ਤਾਂ ਕਾਰ ਖੜੀ ਕਰਨ ਲਈ ਥਾਂ ਲਭਣੀ ਹੋਰ ਵੀ ਔਖੀ ਹੁੰਦੀ ਹੈ।



ਸਟੇਸ਼ਨ ਤੇ ਉਤਰ ਕੇ ਅਸੀ ਕਾਫ਼ੀ ਦੇਰ ਪੈਦਲ ਚਲਦੇ ਚਲਦੇ ਹੋਟਲ ਵਿਚ ਪਹੁੰਚੇ। ਹੋਟਲ ਬਹੁਤ ਛੋਟਾ ਜਿਹਾ ਤੇ ਪੁਰਾਣਾ ਜਿਹਾ ਹੈ- ਜਿਵੇਂ ਕਿ ਸੌ ਡੇਢ ਸੌ ਸਾਲ ਪਹਿਲਾਂ ਕੋਈ ਹੋਟਲ ਹੁੰਦਾ ਸੀ। ਸਾਡੇ ਕਾਰ ਸੇਵਾ ਵਾਲੇ ਬਾਬਿਆਂ ਦਾ ਵੱਸ ਚਲਦਾ ਤਾਂ ਉਹਨੂੰ ਢਾਹ ਕੇ ਹੁਣ ਤਕ ਕਦੋਂ ਦਾ ਸੰਗਮਰਮਰ ਥੱਪ ਚੁੱਕੇ ਹੁੰਦੇ। ਖ਼ੈਰ, ਅਸੀ ਭੀੜੇ ਜਹੇ, ਛੋਟੇ ਛੋਟੇ ਕਮਰਿਆਂ ਵਲ ਇਕ ਨਜ਼ਰ ਮਾਰੀ ਤੇ ਫਿਰ ਖਾਣੇ ਦੇ ਮੇਜ਼ ਦੁਆਲੇ ਬੈਠ ਗਏ।

ਇੰਡੀਆ ਹੋਟਲ ਦੇ ਮਾਲਕ ਨੂੰ ਮਿਲੋ

ਮੈਂ ਮਾਲਕ ਦਾ ਨਾਂ ਤਾਂ ਯਾਦ ਨਹੀਂ ਰੱਖ ਸਕਿਆ ਪਰ ਉਹ ਉੱਚੇ ਲੰਮੇ, ਬੜੇ ਖ਼ੂਬਸੂਰਤ ਨੌਜੁਆਨ ਸਨ। ਮੈਂ ਉਨ੍ਹਾਂ ਨੂੰ ਪੁਛਿਆ, "ਏਨੇ ਸਾਲਾਂ ਤੋਂ ਇਥੇ ਰਹਿ ਕੇ ਵੀ ਪੱਕੇ ਸਿੱਖ ਲਗਦੇ ਹੋ। ਤੁਹਾਡੇ ਘਰ ਦਿਆਂ ਦਾ ਪ੍ਰਭਾਵ ਤੁਹਾਡੇ ਤੇ ਹੋਵੇਗਾ?"

ਕਹਿਣ ਲੱਗੇ, "ਕਿਥੇ ਜੀ, ਅਸੀ ਤਾਂ ਫ਼ਰੀਦਕੋਟ ਦੇ ਵਿਗੜੇ ਹੋਏ ਬਰਾੜਾਂ ਦੇ ਮੁੰਡੇ ਸੀ। ਕਦੇ ਜਾਣਨ ਦੀ ਕੋਸ਼ਿਸ਼ ਹੀ ਨਹੀਂ ਸੀ ਕੀਤੀ ਕਿ ਸਿੱਖ ਦਾ ਮਤਲਬ ਕੀ ਹੁੰਦਾ ਹੈ। ਨਾ ਅਸੀ ਕੇਸ ਰੱਖੇ ਹੋਏ ਸਨ, ਨਾ ਦਾਹੜੀ। ਇਹ ਤਾਂ ਬਲੂ-ਸਟਾਰ ਆਪ੍ਰੇਸ਼ਨ ਦੀ ਮਿਹਰਬਾਨੀ ਸਮਝੋ ਕਿ ਇਥੋਂ ਦੇ ਅੰਗਰੇਜ਼ਾਂ ਨੇ ਸਾਨੂੰ ਪੁਛਣਾ ਸ਼ੁਰੂ ਕਰ ਦਿਤਾ ਕਿ 'ਸਿੱਖ' ਦਾ ਮਤਲਬ ਕੀ ਹੁੰਦਾ ਹੈ। ਉਨ੍ਹਾਂ ਨੇ ਅਖ਼ਬਾਰਾਂ ਵਿਚ ਖ਼ਬਰਾਂ ਪੜ੍ਹੀਆ ਸਨ, ਇਸ ਲਈ ਜਾਣਨਾ ਚਾਹੁੰਦੇ ਸਨ ਕਿ ਸਿੱਖ ਹਨ ਕੌਣ। ਸਾਨੂੰ ਵੀ ਕੁੱਝ ਨਹੀਂ ਸੀ ਪਤਾ। ਮੈਂ ਦੌੜ ਕੇ ਕਿਤਾਬਾਂ ਦੀ ਦੁਕਾਨ ਤੇ ਗਿਆ। ਖ਼ੁਸ਼ਵੰਤ ਸਿੰਘ ਦੀ 'ਸਿੱਖ ਹਿਸਟਰੀ' ਖ਼ਰੀਦ ਲਿਆਂਦੀ। ਰਾਤ ਨੂੰ ਜਾਗ ਕੇ ਪੜ੍ਹੀ। ਮੈਨੂੰ ਪਹਿਲੀ ਵਾਰ ਪਤਾ ਲੱਗਾ ਕਿ ਅਸੀ ਕਿੰਨੇ ਵੱਡੇ ਤੇ ਮਹਾਨ ਧਰਮ ਦੇ ਵਾਰਸ ਸਾਂ ਪਰ ਸਾਨੂੰ ਇਸ ਬਾਰੇ ਪਤਾ ਹੀ ਕੁੱਝ ਨਹੀਂ ਸੀ। ਉਸ ਦਿਨ ਤੋਂ ਮੈਂ ਪੂਰੀ ਤਰ੍ਹਾਂ ਬਦਲ ਗਿਆ। ਮੈਂ ਕੇਸ ਦਾੜ੍ਹੀ ਹੀ ਨਾ ਰੱਖ ਲਏ ਸਗੋਂ ਹੁਣ 100 ਕੁ ਸਿੱਖ ਨੌਜੁਆਨਾਂ ਨੂੰ ਸਵੇਰੇ ਦੋ ਘੰਟੇ ਇਕੱਠਿਆਂ ਕਰ ਕੇ, ਸਿੱਖ ਧਰਮ ਬਾਰੇ ਜਾਣਕਾਰੀ ਦੇਂਦਾ ਹਾਂ। ਇਹ ਮੇਰਾ ਰੋਜ਼ ਦਾ ਕੰਮ ਹੁੰਦਾ ਹੈ।"

ਮੈਂ ਉਨ੍ਹਾਂ ਦਾ ਰੋਜ਼ ਦਾ ਕੈਂਪ ਵੇਖਣਾ ਚਾਹੁੰਦਾ ਸੀ ਪਰ ਅਗਲੇ ਦਿਨ ਮੈਂ ਦੇਸ਼ ਵਾਪਸ ਆ ਜਾਣਾ ਸੀ। ਕਦੇ ਮੌਕਾ ਮਿਲੇ ਤਾਂ ਤੁਸੀ ਜ਼ਰੂਰ ਉਨ੍ਹਾਂ ਨੂੰ ਮਿਲਿਉ।

ਚਿੱਠੀਆਂ : 'ਨਾਨਕਸਰ' ਦਾ ਮਤਲਬ ਕੀ ਹੈ ਤੇ ਇਸ ਨਾਂ ਦੀ ਗ਼ਲਤ ਵਰਤੋਂ ਕਿਵੇਂ ਹੋ ਰਹੀ ਹੈ?

ਭਾਈ ਕਾਨ੍ਹ ਸਿੰਘ ਜੀ ਨਾਭਾ ਰਚਿਤ ਮਹਾਨ ਕੋਸ਼ ਵਿਚ ਨਾਨਕਸਰ ਦੇ ਅਰਥ ਇਸ ਪ੍ਰਕਾਰ ਦਿਤੇ ਗਏ ਹਨ:

1. ਨਨਿਕਾਣੇ ਦਾ ਉਹ ਤਾਲ, ਜੋ ਰਾਇ ਬੁਲਾਰ ਨੇ ਗੁਰੂ ਨਾਨਕ ਦੇਵ ਦੇ ਨਾਮ ਉਪਰ ਖੁਦਵਾਇਆ ਸੀ। ਇਸੇ ਥਾਂ ਛੇਵੇਂ ਸਤਿਗੁਰੂ ਨਾਨਕਿਆਣੇ ਦੀ ਯਾਤਰਾ ਸਮੇਂ ਬਿਰਾਜੇ ਸਨ।
2. ਜ਼ਿਲ੍ਹਾ ਗੁਜਰਾਤ, ਤਹਿ. : ਖਾਰੀਆ ਦੇ ਢਿੰਗੇ ਪਿੰਡ ਵਿਚ ਆਬਾਦੀ ਦੇ ਉੱਤਰ ਪੱਛਮ ਵਲ ਗੁਰੂ ਨਾਨਕ ਦੇਵ ਜੀ ਦਾ ਅਸਥਾਨ, ਜਿਸ ਦੇ ਨਾਲ ਇਕ ਤਾਲ ਹੈ...।
3. ਜ਼ਿਲ੍ਹਾ ਮਿੰਟਗੁਮਰੀ, ਹੜੱਪਾ ਨਗਰ ਪੰਜ ਛੇ ਮੀਲ ਦੱਖਣ, ਗੁਰੂ ਨਾਨਕ ਦੇਵ ਦਾ ਅਸਥਾਨ...।
4. ਜ਼ਿਲ੍ਹਾ ਤਹਿਸੀਲ ਸਿਆਲਕੋਟ ਦਾ ਪਿੰਡ ਸਾਹੋਵਾਲ, ਜੋ ਰੇਲਵੇ ਸਟੇਸ਼ਨ ਉਗੋਕੀ ਤੋਂ ਤਿੰਨ ਮੀਲ ਦੱਖਣ ਪੱਛਮ ਵਲ ਹੈ, ਚੜ੍ਹਦੇ ਵਲ ਦੋ ਫ਼ਰਲਾਂਗ ਦੇ ਕਰੀਬ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦਵਾਰਾ ਹੈ। ਸਤਿਗੁਰੂ ਜੀ ਸਿਆਲਕੋਟ ਤੋਂ ਇਥੇ ਆਏ ਅਤੇ 7 ਦਿਨ ਬਿਰਾਜੇ।
5. ਜ਼ਿਲ੍ਹਾ, ਤਹਿਸੀਲ ਅੰਮ੍ਰਿਤਸਰ ਵਿਚ ਵੇਰਕਾ ਪਿੰਡ (ਜੋ ਖ਼ਾਸ ਰੇਲਵੇ

ਤਖ਼ਤੂਪੁਰੇ ਦੇ ਪੂਰਬ ਵਲ ਗੁਰ ਅਸਥਾਨ 'ਨਾਨਕਸਰ' ਨਾਮ ਤੋਂ ਪ੍ਰਸਿਧ ਹੈ, ਇਥੇ ਤਿੰਨ ਗੁਰਦਵਾਰੇ ਹਨ।

(ੳ) ਗੁਰੂ ਨਾਨਕ ਦੇਵ ਜੀ ਨੇ ਜਦ ਇਥੇ ਚਰਨ ਪਾਏ ਤਾਂ ਗੁਰੂ ਜੀ ਨੂੰ ਜੋਗੀ ਗੋਪੀਚੰਦ, ਭਰਥਰੀ ਜੀ ਮਿਲੇ, ਜਿਨ੍ਹਾਂ ਦੀ ਪਾਸ ਹੀ ਧਰਮਸ਼ਾਲਾ ਹੈ। ਦਰਬਾਰ ਤੋਂ ਦੱਖਣ ਵਲ ਤਲਾਬ ਹੈ, ਗੁਰੂ ਜੀ ਦੇ ਸਮੇਂ ਛੋਟਾ ਜਿਹਾ ਛੱਪੜ ਸੀ।

(ਅ) ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਅਸਥਾਨ ਜੋ ਪਹਿਲੇ ਗੁਰੂ ਜੀ ਦੇ ਅਸਥਾਨ ਤੋਂ ਪੱਛਮ ਵਲ ਨੇੜੇ ਹੀ ਹੈ।

(ੲ) ਸ੍ਰੀ ਗੁਰੂ ਗੋਬਿੰਦ ਜੀ ਕਾਂਗੜ ਵਲ ਜਾਂਦੇ ਇਥੇ ਠਹਿਰੇ। ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਨਾਨਕਸਰ ਸਰੋਵਰ ਵਿਚ ਸਮੇਤ ਘੋੜੇ ਇਸ਼ਨਾਨ ਕੀਤਾ।

ਉਪਰੋਕਤ ਹਵਾਲੇ ਮੁਤਾਬਕ, ਨਾਨਕਸਰ ਬਾਬੇ ਨਾਨਕ ਜੀ ਦੇ ਚਰਨ ਛੋਹ ਅਸਥਾਨ/ ਤਾਲ ਨਾਲ ਸਬੰਧਤ ਗੁਰਦਵਾਰੇ ਹਨ ਪਰ ਅੱਜਕਲ ਕਾਰਪੋਰੇਟ ਮਹਾਂਪੁਰਖਾਂ/ਬਾਬਿਆਂ ਨੇ ਇਹ ਗੁਰ ਇਤਿਹਾਸ ਨਾਲ ਸਬੰਧਤ ਸ਼ਬਦ ਹਥਿਆ ਲਿਆ ਹੈ, ਜਿਨ੍ਹਾਂ ਨਾਲ ਕੌਮ ਦੇ ਪਾਹਰੂ ਬੜੀ ਬੇਜੋੜ 'ਤਿੰਨ-ਟੰਗੀ ਦੌੜ' ਬੜੀ ਬੇਸ਼ਰਮੀ ਨਾਲ ਦੌੜ ਰਹੇ ਹਨ। ਪਾਹਰੂ (ਪਹਿਰਾ ਦੇਣ ਵਾਲਾ ਚੌਕੀਦਾਰ) ਤੇ ਪਰਲਾਠੂ (ਅਪਣੇ ਪਿੰਡ ਵਿਚ ਦੂਜੇ ਪਿੰਡਾਂ ਦੇ ਚੋਰਾਂ ਨੂੰ ਸੂਹ ਦੇ ਕੇ ਚੋਰੀ

ਪ੍ਰਵਾਰ ਵਿਚ ਇਕ ਛੋਟਾ ਜੋਗਿੰਦਰ ਸਿੰਘ ਆ ਗਿਆ ਹੈ। ਬੇਟੀ ਜੇ ਇਸੇ ਤਰ੍ਹਾਂ ਲਿਖਦੀ ਰਹੀ ਤਾਂ ਉਹ ਦਿਨ ਦੂਰ ਨਹੀਂ ਜਦੋਂ ਜਗਜੀਤ ਕੌਰ ਅਤੇ ਜੋਗਿੰਦਰ ਸਿੰਘ ਦੀਆਂ ਪਾਈਆਂ ਹੋਈਆਂ ਪੈੜਾਂ 'ਤੇ ਇਹ ਬੱਚੀ ਸਪੋਕਸਮੈਨ ਦਾ ਝੰਡਾ ਫੜ ਕੇ ਅਗਵਾਈ ਕਰੇਗੀ। ਹੁਣ 'ਬੂਟੇ 'ਤੇ ਬੂਟਾ' ਲੱਗ ਗਿਆ ਹੈ। ਰੱਬ ਭਲੀ ਕਰੇਗਾ।

- ਰਜਵੰਤ ਕੌਰ, ਛੀਨਾ ਬਿਧੀਚੰਦ,
ਤਰਨ ਤਾਰਨ, ਮੋਬਾਈਲ : 95306-655216

ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਦਾ ਕੀਰਤਨੀਆ ਪੁੱਤਰ ਜੇਲ ਵਿਚ

19 ਅਕਤੂਬਰ ਦੇ ਕਈ ਅਖ਼ਬਾਰਾਂ ਵਿਚ ਇਕ ਖ਼ਬਰ ਪੜ੍ਹੀ ਜਿਸ ਦਾ ਸਬੰਧ ਸਿੱਖ ਧਰਮ ਤੇ ਸਿੱਖ ਕੌਮ ਨਾਲ ਸੀ। ਮੇਰੇ ਵਾਂਗ ਕਈ ਜਗਿਆਸੂਆਂ ਦੇ ਹਿਰਦੇ ਵਲੂੰਧਰੇ ਗਏ। ਸਾਡੇ ਧਾਰਮਕ ਪ੍ਰਚਾਰਕਾਂ ਵਿਚੋਂ ਇਕ ਕੀਰਤਨੀਏ ਉਤੇ ਲੜਕੀ ਨਾਲ ਛੇੜਖਾਨੀ ਦੇ ਦੋਸ਼ ਲੱਗੇ ਤੇ ਅੰਤ ਉਸ ਨੂੰ ਤਿੰਨ ਮਹੀਨੇ ਦੀ ਸਜ਼ਾ ਹੋਈ।

ਜਥੇਦਾਰਾਂ ਦੀ ਮੀਟਿੰਗ ਵਿਚ ਗੱਲ 'ਆਈ ਗਈ' ਜਾਂ 'ਗੋਲਮੋਲ' ਹੋ ਜਾਣੀ ਸੀ ਕਿਉਂਕਿ ਕੀਰਤਨੀਆ ਜਥੇਦਾਰ ਜੀ ਦਾ ਜੁ ਪੁੱਤਰ ਸੀ। ਪ੍ਰਚਾਰਕੋ ਤੁਸੀ ਰੋਲ ਮਾਡਲ ਬਣ ਕੇ ਸਿੱਖੀ ਤੋਂ ਦੂਰ ਹੁੰਦੀ ਜਾ ਰਹੀ ਨਵੀਂ ਪੀੜ੍ਹੀ ਤੇ ਅਪਣੇ ਸਦਾਚਾਰ ਦੀ ਛਾਪ ਛੱਡੋ ਨਾ ਕਿ...।

- ਬਲਬੀਰ ਸਿੰਘ ਬੱਬੀ,
ਪਿੰਡ : ਤੱਖਰਾਂ ਲੁਧਿਆਣਾ,
ਮੋਬਾਈਲ : 92175-92531

ਜਥੇਦਾਰਾਂ ਦੀ ਚੋਣ ਦਾ ਢੰਗ ਬਦਲੋ

ਪਿਛਲੇ ਦਿਨੀਂ ਜਦੋਂ ਮਸ਼ਹੂਰ ਸਿੱਖ ਕ੍ਰਿਕਟ ਖਿਡਾਰੀ ਸ. ਬਿਸ਼ਨ ਸਿੰਘ ਬੇਦੀ ਦੇ ਕੁੱਝ ਵਿਚਾਰ ਸਪੋਕਸਮੈਨ ਵਿਚ ਪੜ੍ਹਨ ਨੂੰ ਮਿਲੇ ਤਾਂ, ਬਹੁਤ ਚੰਗੇ ਲੱਗੇ ਕਿ ਸਿਆਸਤ ਲਈ ਕੇਵਲ ਮਨੋਨੀਤ (ਥਾਪੇ) ਗਏ ਜਥੇਦਾਰ ਖ਼ੁਦ ਨੂੰ ਹੱਦੋਂ ਵੱਧ ਸੁੱਚਾ